# ਜ਼ਿਲ੍ਹਾ ਭਾਸ਼ਾ ਵਿਭਾਗ

ਭਾਸ਼ਾ ਵਿਭਾਗ ਪੰਜਾਬ, ਪੰਜਾਬੀ ਮਾਂ ਬੋਲੀ ਦੀ ਤਰੱਕੀ ਲਈ ਸਥਾਪਿਤ ਇੱਕ ਅਜਿਹਾ ਅਦਾਰਾ ਹੈ ਜੋ ਕੇਵਲ ਪੰਜਾਬੀ ਨੂੰ ਸਿੱਖਿਆ ਪ੍ਰਸ਼ਾਸਨ ਅਤੇ ਹੋਰਨਾ ਖੇਤਰਾਂ ਦੀਆਂ ਤਕਨੀਕੀ ਅਤੇ ਹੁਨਰੀ ਲੋੜਾਂ ਦਾ ਹਾਣੀ ਹੀ ਨਹੀਂ ਬਣਾਉਂਦਾ ਸਗੋਂ ਪੰਜਾਬੀ ਸੱਭਿਆਚਾਰ ਦੇ ਵਡਮੁੱਲੇ ਵਿਰਸੇ ਨੂੰ ਸੰਭਾਲਣ ਵਿੱਚ ਯੋਗਦਾਨ ਪਾ ਰਿਹਾ ਹੈ। ਇਹ ਅਦਾਰਾ ਪੰਜਾਬੀ ਮਾਂ ਬੋਲੀ ਦੇ ਸਰਵਪੱਖੀ ਵਿਕਾਸ ਲਈ ਸਿਰਤੋੜ ਯਤਨ ਕਰਨ ਰਿਹਾ ਹੈ। ਇਸ ਦਾ ਦਫ਼ਤਰ ਤਹਿਸੀਲ ਕੰਪਲੈਕਸ ਮਾਨਸਾ ਵਿਖੇ ਸਥਿੱਤ ਹੈ। ਇਸ ਦਾ ਮੁੱਖ ਦਫ਼ਤਰ ਪਟਿਆਲਾ ਵਿਖੇ ਸਥਿੱਤ ਹੈ। ਇਸ ਦੇ ਸਟਾਫ਼ ਦਾ ਵੇਰਵਾ ਇਸ ਪ੍ਰਕਾਰ ਹੈ :-

1. ਜ਼ਿਲ੍ਹਾ ਭਾਸ਼ਾ ਅਫ਼ਸਰ (ਇੱਕ)
2. ਇਨਸਟਰੱਕਟਰ, ਸਟੈਨੋਗ੍ਰਾਫੀ (ਇੱਕ)
3. ਜੂਨੀਅਰ ਸਹਾਇਕ (ਇੱਕ)
4. ਸੇਵਾਦਾਰ (ਇੱਕ)
5. ਚੌਕੀਦਾਰ (ਇੱਕ)

ਇਹ ਸਟਾਫ਼ ਡਾਇਰੈਕਟਰ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਦੀ ਸੁਚੱਜੀ ਅਗਵਾਈ ਹੇਠ ਕੰਮ ਕਰ ਰਿਹਾ ਹੈ।

***ਭਾਸ਼ਾ ਵਿਭਾਗ ਦੇ ਕੰਮਾਂ ਦਾ ਵੇਰਵਾ:-***

***1. ਪੰਜਾਬੀ ਪ੍ਰਚਾਲਣ:-***

ਪੰਜਾਬ ਰਾਜ ਭਾਸ਼ਾ ਐਕਟ ਦੇ ਉਪਬੰਧਾਂ ਨੂੰ ਅਸਰਦਾਰ ਢੰਗ ਨਾਲ ਲਾਗੂ ਕਰਵਾਉਣ ਲਈ ਪੰਜਾਬ ਸਰਕਾਰ ਦੇ ਸਰਕਾਰੀ ਦਫ਼ਤਰਾਂ ਦੀ ਮਹੀਨੇਵਾਰ ਪੰਜਾਬੀ ਪ੍ਰਚਾਲਣ ਚੈਕਿੰਗ ਕੀਤੀ ਜਾਂਦੀ ਹੈ ਅਤੇ ਦਫ਼ਤਰੀ ਕੰਮ ਪੰਜਾਬੀ ਵਿੱਚ ਨਾ ਕਰਨ ਵਾਲਿਆਂ ਨੂੰ ਸਬੰਧਿਤ ਵਿਭਾਗ ਦੇ ਉੱਚ ਅਧਿਕਾਰੀਆਂ ਦੇ ਨੋਟਿਸ ਵਿੱਚ ਲਿਆਂਦਾ ਜਾਂਦਾ ਹੈ ਜਿਲ੍ਹਾ ਅਧਿਕਾਰੀ ਵੱਲੋਂ ਪੰਜਾਬ ਰਾਜ ਭਾਸ਼ਾ ਐਕਟ ਅਨੁਸਾਰ ਸਜ਼ਾ ਦਿੱਤੀ ਜਾਂਦੀ ਹੈ।

***2. (ੳ) ਪੰਜਾਬੀ ਸਟੈਨੋਗ੍ਰਾਫੀ ਕੋਰਸ:-***

ਵਿਭਾਗ ਵੱਲੋਂ ਜ਼ਿਲ੍ਹਾ ਪੱਧਰ ਤੇ ਪਹਿਲੀ ਸਤੰਬਰ ਤੋਂ ਇੱਕ ਸਾਲ ਲਈ ਪੰਜਾਬੀ ਸਟੈਨੋਗ੍ਰਾਫੀ ਦਾ ਕੋਰਸ ਚਲਾਇਆ ਜਾਂਦਾ ਹੈ। ਇਸ ਕੋਰਸ ਲਈ 15 ਸੀਟਾਂ ਜਨਰਲ ਕੈਟਾਗਿਰੀ ਨਾਲ ਸਬੰਧਤ ਸਿੱਖਿਆਰਥੀਆਂ ਲਈ ਹਨ। ਇਸ ਕੋਰਸ ਦਾ ਦਾਖਲਾ/ਇੰਟਰਵਿਊ ਅਗਸਤ ਮਹੀਨੇ ਦੌਰਾਨ ਹੁੰਦੀ ਹੈ। ਦਾਖਲਾ ਫਾਰਮ ਮੁਫ਼ਤ ਦਫ਼ਤਰ ਵਿੱਚੋਂ ਹੀ ਪ੍ਰਾਪਤ ਕੀਤੇ ਜਾ ਸਕਦੇ ਹਨ। ਵਿਭਾਗ ਦੀ ਇਸ ਕਲਾਸ ਤੋਂ ਇਲਾਵਾ ਭਲਾਈ ਵਿਭਾਗ ਪੰਜਾਬ ਵੱਲੋਂ ਵੀ ਇਸ ਵਿਭਾਗ ਦੇ ਸਹਿਯੋਗ ਨਾਲ 15 ਸਿਖਿਆਰਥੀਆਂ ਦੀ ਅਲੱਗ-ਅਲੱਗ ਕਲਾਸ ਇੱਥੇ ਚਲਾਈ ਜਾਂਦੀ ਹੈ। ਇਹ ਕਲਾਸ ਬਾਬਤ ਅਨੁਸੂਚਿਤ ਜਾਤੀ ਦੇ ਇਨ੍ਹਾਂ ਸਿਖਿਆਰਥੀਆਂ ਦੇ ਦਾਖਲੇ ਲਈ ਭਲਾਈ ਵਿਭਾਗ ਵੱਲੋਂ ਹੀ ਕਾਰਵਾਈ ਕੀਤੀ ਜਾਂਦੀ ਹੈ ਭਾਵ ਦਾਖਲੇ ਸਬੰਧੀ ਸੂਚਨਾ ਅਤੇ ਫਾਰਮ ਅਖਬਾਰੀ ਇਸ਼ਤਿਹਾਰ ਰਾਹੀਂ ਹੀ ਦਿੱਤਾ ਜਾਂਦਾ ਹੈ ਅਤੇ ਇਨ੍ਹਾਂ ਸਿਖਿਆਰਥੀਆਂ ਨੂੰ ਸਬੰਧਿਤ ਵਿਭਾਗ ਵੱਲੋਂ 250/- ਰੁ: ਪ੍ਰਤੀ ਮਹੀਨਾ ਵਜ਼ੀਫਾ ਵੀ ਦਿੱਤਾ ਜਾਂਦਾ ਹੈ। ਦਾਖਲਾ ਫਾਰਮ ਇਸ ਦਫ਼ਤਰ ਵਿੱਚ ਵੀ ਦਿੱਤਾ ਜਾਂਦਾ ਹੈ ਅਤੇ ਇੰਟਰਵਿਊ ਇਸ ਦਫ਼ਤਰ ਵੱਲੋਂ ਲਈ ਜਾਂਦੀ ਹੈ।

**2. (ਅ)**

ਇਨ੍ਹਾਂ ਦੋਵਾਂ ਕਲਾਸਾਂ ਤੋਂ ਇਲਾਵਾ ਇਸ ਦਫ਼ਤਰ ਵੱਲੋਂ ਪੰਜਾਬੀ ਸ਼ਾਰਟਹੈਂਡ ਹਾਈ-ਸਪੀਡ ਸ਼੍ਰੇਣੀ ਦੀ ਕਲਾਸ ਵੀ ਚਲਦੀ ਹੈ। ਇਸ ਕਲਾਸ ਵਿੱਚ ਉਹੀ ਸਿਖਿਆਰਥੀ ਦਾਖਲਾ ਲੈ ਸਕਦੇ ਹਨ ਜਿੰਨ੍ਹਾਂ ਨੇ ਇਸ ਵਿਭਾਗ ਤੋਂ ਇਲਾਵਾ ਹੋਰ ਸੰਸਥਾਵਾਂ ਤੋਂ ਵੀ ਸਿਖਲਾਈ ਪ੍ਰਾਪਤ ਕੀਤੀ ਹੋਵੇ। ਇਸ ਸ਼੍ਰੇਣੀ ਦੇ ਦਾਖਲੇ ਲਈ 80 ਸ਼ਬਦ ਪ੍ਰਤੀ ਮਿੰਟ ਦੀ ਸਪੀਡ ਤੇ ਦਾਖਲਾ ਟੈਸਟ ਪਾਸ ਕਰਨਾ ਜ਼ਰੂਰੀ ਹੁੰਦਾ ਹੈ। ਇਸ ਕਲਾਸ ਦੀਆਂ 15 ਸੀਟਾਂ ਹਨ।

ਇਨ੍ਹਾਂ ਤਿੰਨਾਂ ਕੋਰਸਾਂ ਲਈ ਮੁੱਢਲੀ ਵਿੱਦਿਅਕ ਯੋਗਤਾ ਮੈਟ੍ਰਿਕ (ਦੂਜਾ ਦਰਜਾ) ਜਾਂ 10+2 ਪਾਸ ਹੋਣਾ ਜ਼ਰੂਰੀ ਹੈ ਅਤੇ ਉਚੇਰੀ ਸਿੱਖਿਆ ਵਾਲੇ ਨੂੰ ਤਰਜੀਹ ਦਿੱਤੀ ਜਾਂਦੀ ਹੈ। ਪਹਿਲੇ ਦੋ ਕੋਰਸਾਂ ਵਾਲੇ ਪਾਸ ਉਮੀਦਵਾਰਾਂ ਨੂੰ 80 ਸ਼ਬਦ ਪ੍ਰਤੀ ਮਿੰਟ ਦੀ ਸਪੀਡ ਅਤੇ ਹਾਈ ਸਪੀਡ ਦੇ ਪਾਸ ਉਮੀਦਵਾਰਾਂ ਨੂੰ 100 ਸ਼ਬਦ ਪ੍ਰਤੀ ਮਿੰਟ ਸਪੀਡ ਦਾ ਸਰਟੀਫਿਕੇਟ ਮੁੱਖ ਦਫ਼ਤਰ ਪਟਿਆਲਾ ਵੱਲੋਂ ਜਾਰੀ ਕੀਤਾ ਜਾਂਦਾ ਹੈ।

***3. ਪੰਜਾਬੀ ਹਿੰਦੀ ਸਾਹਿਤ ਸਿਰਜਨ ਮੁਕਾਬਲੇ :-***

ਇਹ ਮੁਕਾਬਲੇ ਹਰ ਸਾਲ ਜ਼ਿਲ੍ਹਾ ਪੱਧਰ ਤੇ ਕਰਵਾਏ ਜਾਂਦੇ ਹਨ। ਇਸ ਮੁਕਾਬਲੇ ਵਿੱਚ 17 ਸਾਲ ਤੋਂ ਘੱਟ ਉਮਰ ਦੇ ਸਕੂਲਾਂ/ਕਾਲਜਾਂ ਦੇ ਵਿਦਿਆਰਥੀ ਭਾਗ ਲੈ ਸਕਦੇ ਹਨ। ਇਸ ਮੁਕਾਬਲੇ ਵਿੱਚ ਵਿਦਿਆਰਥੀ ਨੂੰ ਮੌਕੇ ਤੇ ਹੀ ਚੋਣਵੇਂ ਵਿਸ਼ੇ ਦੇ ਕੇ ਕਵਿਤਾ ਕਹਾਣੀ ਜਾਂ ਨਿਬੰਧ ਲਿਖਣ ਲਈ ਦਿੱਤਾ ਜਾਂਦਾ ਹੈ। ਪਹਿਲੇ, ਦੂਜੇ ਅਤੇ ਤੀਜੇ ਸਥਾਨ ਤੇ ਆਉਣ ਵਾਲੇ ਵਿੱਦਿਆਰਥੀਆਂ ਨੂੰ ਇਨਾਮ ਦਿੱਤੇ ਜਾਂਦੇ ਹਨ।

***4. ਬਾਲ ਸਾਹਿਤ ਕੁਇਜ਼ ਮੁਕਾਬਲੇ:-***

ਇਹ ਮੁਕਾਬਲੇ ਵੀ ਜ਼ਿਲ੍ਹਾ ਪੱਧਰ ਤੇ ਕਰਵਾਏ ਜਾਂਦੇ ਹਨ। ਇਸ ਮੁਕਾਬਲੇ ਵਿੱਚ ਸਕੂਲਾਂ/ਕਾਲਜਾਂ ਦੇ ਵਿਦਿਆਰਥੀ ਭਾਗ ਲੈ ਸਕਦੇ ਹਨ।

***5. ਪੰਜਾਬੀ ਖੁਸਖੱਤੀ ਮੁਕਾਬਲੇ:-***

ਇਹ ਮੁਕਾਬਲੇ ਵੀ ਜ਼ਿਲ੍ਹਾ ਪੱਧਰ ਤੇ ਕੇਵਲ ਸਕੂਲਾਂ ਦੇ ਵਿਦਿਆਰਥੀਆਂ ਦੇ ਕਰਵਾਏ ਜਾਂਦੇ ਹਨ, ਜਿਸ ਵਿੱਚ ਅੱਠਵੀਂ ਤੱਕ ਦੇ ਵਿਦਿਆਰਥੀ ਹਿੱਸਾ ਲੈ ਸਕਦੇ ਹਨ। ਇਹ ਇੱਕ ਸੁੰਦਰ ਲਿਖਾਈ ਪ੍ਰਤੀ ਯੋਗਤਾ ਹੈ।

***6. ਨਾਟਕ ਮੁਕਾਬਲੇ:-***

ਇਹ ਮੁਕਾਬਲੇ ਡਵੀਜ਼ਨ ਪੱਧਰ ਤੇ ਕਰਵਾਏ ਜਾਂਦੇ ਹਨ। ਇਨ੍ਹਾਂ ਮੁਕਾਬਲਿਆਂ ਵਿੱਚ ਸਕੂਲਾਂ/ਕਾਲਜ਼ਾਂ ਦੀਆਂ ਨਾਟਕ ਮੰਡਲੀਆਂ ਭਾਗ ਲੈ ਸਕਦੀਆਂ ਹਨ।

***7. ਪੰਜਾਬੀ ਟਾਇਪ/ਸਾਰਟਹੈਂਡ ਮੁਕਾਬਲੇ:-***

ਵਿਭਾਗ ਵੱਲੋਂ ਸਰਵ ਭਾਰਤੀ ਪੰਜਾਬੀ ਟਾਇਪ ਅਤੇ ਸ਼ਾਰਟਹੈਂਡ ਦੇ ਮੁਕਾਬਲੇ ਵੀ ਕਰਵਾਏ ਜਾਂਦੇ ਹਨ। ਵਿਭਾਗ ਵੱਲੋਂ ਨਿਰਧਾਰਤ ਮਿਤੀਆਂ ਅਨੁਸਾਰ ਮੁੱਢਲਾ ਮੁਕਾਬਲਾ ਜ਼ਿਲ੍ਹਾ ਪੱਧਰ ਤੇ ਹੁੰਦਾ ਹੈ ਅਤੇ ਅੰਤਿਮ ਮੁਕਾਬਲਾ ਮੁੱਖ ਦਫ਼ਤਰ ਪਟਿਆਲਾ ਵਿਖੇ ਹੁੰਦਾ ਹੈ।

**8. ਪੰਜਾਬੀ ਭਾਸ਼ਣ ਅਤੇ ਕਵਿਤਾ ਗਾਇਣ ਮੁਕਾਬਲੇ:-**

ਇਨ੍ਹਾਂ ਮੁਕਾਬਲਿਆਂ ਵਿੱਚ ਸਕੂਲਾਂ/ਕਾਲਜਾਂ ਦੇ 9 ਵੀ ਤੋਂ 10+2 ਤੱਕ ਜੂਨੀਅਰ ਵਰਗ ਅਤੇ ਬੀ.ਏ. ਪਾਰਟ 1 ਤੋਂ ਉਪਰਲੀਆਂ ਕਲਾਸਾਂ ਦੇ ਸੀਨੀਅਰ ਵਰਗ ਦੇ ਵਿਦਿਆਰਥੀ ਭਾਗ ਲੈ ਸਕਦੇ ਹਨ।

*ਇਨਾਮ ਸਰਟੀਫਿਕੇਟ:*

ਉਕਤ ਲੜੀ ਨੰ: 4 ਤੋਂ 9 ਤੱਕ ਮੁਕਾਬਲਿਆਂ ਵਿੱਚ ਪਹਿਲੇ ਦੂਜੇ ਅਤੇ ਤੀਜੇ ਸਥਾਨ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਵਿਭਾਗ ਵੱਲੋਂ ਇਨਾਮ/ਸਰਟੀਫਿਕੇਟ ਦਿੱਤੇ ਜਾਂਦੇ ਹਨ।

**10. ਪੰਜਾਬੀ ਟਾਇਪ ਤੇ ਸ਼ਾਰਟਹੈਂਡ ਦਾ ਪ੍ਰਾਈਵੇਟ ਇਮਤਿਹਾਨ:-**

ਵਿਭਾਗ ਵੱਲੋਂ 25 ਅਪ੍ਰੈਲ ਅਤੇ 25 ਅਕਤੂਬਰ ਨੂੰ (ਪੱਕੀਆਂ ਮਿਤੀਆਂ) ਪੰਜਾਬੀ ਟਾਇਪ ਅਤੇ ਸ਼ਾਰਟਹੈਂਡ ਦਾ ਪ੍ਰਾਈਵੇਟ ਇਮਤਿਹਾਨ ਲਿਆ ਜਾਂਦਾ ਹੈ। ਇਸ ਇਮਤਿਹਾਨ ਲਈ ਕਾਰਵਾਈ ਲਗਭਗ ਡੇਢ ਮਹੀਨਾ ਪਹਿਲਾਂ ਸ਼ੁਰੂ ਹੋ ਜਾਂਦੀ ਹੈ। ਭਾਵ 25 ਅਪ੍ਰੈਲ ਦੇ ਟੈਸਟ ਲਈ 1 ਮਾਰਚ ਤੋਂ ਅਤੇ 25 ਅਕਤੂਬਰ ਦੇ ਟੈਸਟ ਲਈ 1 ਸਤੰਬਰ ਤੋਂ। ਪੰਜਾਬੀ ਟਾਇਪ ਦੀ ਫੀਸ 50 ਰੁ: ਅਤੇ ਸ਼ਾਰਟਹੈਂਡ ਦੀ ਫੀਸ 75/- ਰੁਪਏ ਹੈ। ਇਸ ਟੈਸਟ ਲਈ ਲੇਟ ਫੀਸ ਵੀ ਨਿਰਧਾਰਤ ਹੈ, ਜੋ ਪ੍ਰੀਖਿਆ ਦੀ ਮਿਤੀ ਤੋਂ ਕੁਝ ਦਿਨ ਪਹਿਲਾਂ ਲੇਟ ਫੀਸ ਨਾਲ ਫਾਰਮ ਭਰ ਕੇ ਵੀ ਟੈਸਟ ਦਿੱਤਾ ਜਾ ਸਕਦਾ ਹੈ।

ਉਪਰੋਕਤ ਤੋਂ ਇਲਾਵਾ ਵਿਭਾਗ ਵੱਲੋਂ ਸਾਹਿਤ ਸਭਾਵਾਂ ਨੂੰ ਗ੍ਰਾਂਟ ਅਤੇ ਸਕੂਲਾਂ/ਕਾਲਜਾਂ ਦੀਆਂ ਸਰਕਾਰੀ ਅਤੇ ਗੈਰ ਸਰਕਾਰੀ (ਰਜਿਸਟਰਡ) ਲਾਇਬ੍ਰੇਰੀਆਂ ਨੂੰ ਮੈਚਿੰਗ ਗ੍ਰਾਂਟ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਲੇਖਕਾਂ ਨੂੰ ਆਪਣੀ ਪੁਸਤਕ ਛਪਵਾਉਣ ਲਈ ਵੀ ਗ੍ਰਾਂਟਾਂ ਦਿੱਤੀਆਂ ਜਾਂਦੀਆਂ ਹਨ। ਵਿਭਾਗ ਵੱਲੋਂ ਲੇਖਕਾਂ ਨਾਲ ਰੂ-ਬ-ਰੂ ਕਵੀ ਦਰਬਾਰ, ਕਹਾਣੀ ਦਰਬਾਰ, ਗੋਸ਼ਟੀਆਂ ਅਤੇ ਮੁਸ਼ਾਇਰਿਆਂ ਦਾ ਆਯੋਜਨ ਵੀ ਕੀਤਾ ਜਾਂਦਾ ਹੈ। ਵਿਭਾਗੀ ਪੁਸਤਕਾਂ ਦੀ ਵਿਕਰੀ ਵਿੱਚ ਵਾਧਾ ਕਰਨ ਲਈ ਪੁਸਤਕ ਪ੍ਰਦਰਸ਼ਨੀਆਂ ਵੀ ਲਗਾਈਆਂ ਜਾਂਦੀਆਂ ਹਨ। ਵਿਭਾਗ ਦਾ ਹਰੇਕ ਜ਼ਿਲ੍ਹਾ ਪੱਧਰ ਦੇ ਪੱਕਾ ਵਿਕਰੀ ਕੇਂਦਰ ਵੀ ਹੈ, ਜਿੱਥੇ ਇਨ੍ਹਾਂ ਪੁਸਤਕਾਂ ਤੇ 100/- ਰੁ: ਦੀ ਖਰੀਦ ਤੱਕ 15%, 101 ਤੋਂ 500 ਤੱਕ 25%, 501 ਤੋਂ 1500 ਤੱਕ 30% ਅਤੇ 1500 ਤੋਂ ਉਪਰ 40% ਕਮਿਸ਼ਨ ਦਿੱਤਾ ਜਾਂਦਾ ਹੈ। ਵਿਭਾਗ ਵਲੋਂ ਛਾਪੀਆਂ ਪੁਸਤਕਾਂ ਦੀ ਪੁਸਤਕ ਸੂਚੀ ਵੀ ਛਪ ਚੁੱਕੀ ਹੈ ਅਤੇ ਹੁਣ ਵਿਭਾਗ ਵੱਲੋਂ ਪੰਜਾਬੀ ਲੇਖਕ ਡਾਇਰੈਕਟਰੀ (ਜੋ ਕਿ ਛਪਾਈ ਅਧੀਨ ਹੈ) ਵੀ ਛਾਪੀ ਜਾ ਰਹੀ ਹੈ। ਵਿਭਾਗ ਦੇ ਸਮੁੱਚੇ ਕਾਰਜ ਦਾ ਕੰਪਿਊਟਰੀਕਰਨ ਵੀ ਕੀਤਾ ਜਾ ਰਿਹਾ ਹੈ।